# ਭੁਗਤਾਨ ਯੋਗ ਸੁਰੱਖਿਅਤ ਅਤੇ ਬੀਮਾਰੀ ਦੀ ਛੁੱਟੀ: ਮਾਲਕਾਂ ਨੂੰ ਕੀ ਜਾਣਨ ਦੀ ਲੋੜ ਹੈ

NYC ਦੇ ਕਮਾਏ ਗਏ ਸੁਰੱਖਿਅਤ ਅਤੇ ਬੀਮਾਰ ਸਮੇਂ ਸੰਬੰਧੀ ਐਕਟ (ਭੁਗਤਾਨ ਯੋਗ ਸੁਰੱਖਿਅਤ ਅਤੇ ਬੀਮਾਰੀ ਸੰਬੰਧੀ ਕਾਨੂੰਨ) ਵਿੱਚ ਨਵੇਂ ਸੋਧ 30 ਸਤੰਬਰ 2020 ਅਤੇ 1 ਜਨਵਰੀ 2021 ਤੋਂ ਪ੍ਰਭਾਵੀ ਹੋਣਗੇ। ਜੇ ਤੁਸੀਂ NYC ਵਿੱਚ ਕੋਈ ਨਿੱਜੀ ਜਾਂ ਗੈਰ-ਮੁਨਾਫ਼ਾ ਮਾਲਕ ਹੋ ਜਾਂ ਜੇ ਤੁਸੀਂ NYC ਵਿੱਚ ਘਰੇਲੂ ਕਾਮੇ ਰੱਖਦੇ ਹੋ, ਤਾਂ ਮਾਲਕ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਲਈ ਇਹ ਤੱਥ ਸ਼ੀਟ[1] ਪੜ੍ਹੋ। ਕਾਨੂੰਨ ਦੇ ਅਧੀਨ ਕਵਰ ਕੀਤੇ ਕਰਮਚਾਰੀਆਂ ਕੋਲ ਹੇਠ ਲਿਖੇ ਕਾਰਨਾਂ ਲਈ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਨੂੰ ਵਰਤਣ ਦੇ ਅਧਿਕਾਰ ਹਨ:

- ਤੁਹਾਡੇ ਕੋਲ ਬਿਮਾਰੀ ਲਈ ਛੁੱਟੀ ਲੈਣ ਦਾ ਅਧਿਕਾਰ ਹੈ, ਜਿਸਨੂੰ ਤੁਸੀਂ ਆਪਣੀ ਜਾਂ ਆਪਣੇ ਕਿਸੇ ਪਰਿਵਾਰਕ ਸਦੱਸ ਦੀ ਦੇਖਭਾਲ ਜਾਂ ਇਲਾਜ ਲਈ ਇਸਤੇਮਾਲ ਕਰ ਸਕਦੇ ਹੋ।
- ਤੁਹਾਡੇ[2] ਕੋਲ ਸੁਰੱਖਿਅਤ ਛੁੱਟੀ ਦਾ ਅਧਿਕਾਰ ਹੁੰਦਾ ਹੈ, ਜਿਸਨੂੰ ਤੁਸੀਂ ਉਸ ਸਮੇਂ ਸਹਾਇਤਾ ਹਾਸਲ ਕਰਨ ਲਈ ਜਾਂ ਸੁਰੱਖਿਆ ਦੇ ਮਾਪਾਂ ਲਈ ਵਰਤ ਸਕਦੇ ਹੋ ਜਦੋਂ ਤੁਸੀਂ ਜਾਂ ਤੁਹਾਡਾ ਕੋਈ ਪਰਿਵਾਰਕ ਸਦੱਸ ਕਿਸੇ ਘਰੇਲੂ ਹਿੰਸਾ ਜਾਂ ਅਣਚਾਹੇ ਜਿਨਸੀ ਸੰਪਰਕ, ਗੁੱਸੇ, ਜਾਂ ਮਨੁੱਖੀ ਤਸਕਰੀ ਦੀ ਕਿਸੇ ਗਤੀਵਿਧੀ ਜਾਂ ਖਤਰੇ ਦਾ ਸ਼ਿਕਾਰ ਹੁੰਦਾ ਹੈ।

## ਸਾਰੇ ਨਿੱਜੀ ਅਤੇ ਗੈਰ-ਲਾਭਕਾਰੀ ਮਾਲਕ ਅਤੇ ਘਰੇਲੂ ਕਾਮਿਆਂ ਦੇ ਮਾਲਕਾਂ ਨੂੰ ਸੁਰੱਖਿਅਤ ਅਤੇ ਬੀਮਾਰ ਛੁੱਟੀ ਦੇਣੀ ਲਾਜ਼ਮੀ ਹੈ

| ਕਰਮਚਾਰੀਆਂ ਦੀ ਸੰਖਿਆ | ਮਾਲਕ ਦੀ ਸਲਾਨਾ ਆਮਦਨੀ | ਪ੍ਰਤੀ ਕੈਲੰਡਰ ਸਾਲ ਛੁੱਟੀ ਦੀ ਮਾਤਰਾ* | ਭੁਗਤਾਨ ਜਾਂ ਗੈਰ ਭੁਗਤਾਨ ਵਾਲੀ ਛੁੱਟੀ |
|---|---|---|---|
| 1-4 | $1 ਮਿਲੀਅਨ ਤੋਂ ਘੱਟ | 40 ਘੰਟੇ ਤੱਕ | ਭੁਗਤਾਨ ਤੋਂ ਬਿਨਾਂ |
| | **1/1/2021 ਤੋਂ ਪ੍ਰਭਾਵੀ:** $1 ਮਿਲੀਅਨ ਜਾਂ ਵੱਧ | 40 ਘੰਟੇ ਤੱਕ | ਭੁਗਤਾਨ ਨਾਲ |
| 5 ਜਾਂ ਵੱਧ *ਨਿਜੀ ਜਾਂ ਗੈਰ-ਲਾਭਕਾਰੀ ਮਾਲਕ ਦੁਆਰਾ ਕੰਮ ਤੇ ਰੱਖੇ ਗਏ ਕਾਮੇ* ਜਾਂ **9/30/2020 ਪ੍ਰਭਾਵੀ:** ਕਾਨੂੰਨ ਕਿਸੇ ਘਰ ਦੇ ਮਾਲਕ ਦੁਆਰਾ 1 ਜਾਂ *ਇਸਤੋਂ ਵੱਧ ਘਰੇਲੂ ਕਰਮਚਾਰੀਆਂ ਨੂੰ ਕਵਰ ਕਰਦਾ ਹੈ।* | ਲਾਗੂ ਨਹੀਂ | 40 ਘੰਟੇ ਤੱਕ | ਭੁਗਤਾਨ ਨਾਲ |
| **1/1/2021 ਤੋਂ ਪ੍ਰਭਾਵੀ:** ਨਿੱਜੀ ਜਾਂ ਗੈਰ-ਲਾਭਕਾਰੀ ਮਾਲਕ ਜਾਂ ਘਰੇਲੂ ਕਾਮਿਆਂ ਦੇ ਮਾਲਕ ਦੁਆਰਾ 100 ਜਾਂ ਵੱਧ ਕੰਮ ਤੇ ਰੱਖੇ ਕਾਮਿਆਂ ਲਈ | ਲਾਗੂ ਨਹੀਂ | 56 ਘੰਟੇ ਤੱਕ | ਭੁਗਤਾਨ ਨਾਲ |

*ਧਿਆਨ ਦਿਓ*:* "ਕੈਲੰਡਰ ਸਾਲ" ਦਾ ਅਰਥ ਨਿਯਮਿਤ ਅਤੇ ਲਗਾਤਾਰ 12-ਮਹੀਨੇ ਹੁੰਦਾ ਹੈ ਜੋ ਮਾਲਕ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ।

ਜੇ ਤੁਹਾਨੂੰ ਭੁਗਤਾਨ ਕੀਤੀ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਪ੍ਰਦਾਨ ਕਰਨ ਦੀ ਲੋੜ ਹੈ, ਤਾਂ ਤੁਹਾਨੂੰ ਕਰਮਚਾਰੀਆਂ ਨੂੰ ਉਨ੍ਹਾਂ ਦੀ ਨਿਯਮਤ ਘੰਟੇ ਦੀ ਦਰ ਦਾ ਭੁਗਤਾਨ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਘੱਟੋ ਘੱਟ ਤਨਖਾਹ ਤੋਂ ਘੱਟ ਨਹੀਂ।

ਜੇ ਤੁਹਾਡੇ ਕੋਲ ਇਕ ਮੌਜੂਦਾ ਨੀਤੀ ਹੈ ਜੋ ਕਰਮਚਾਰੀਆਂ ਨੂੰ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਵਰਤਣ ਦੀ ਆਗਿਆ ਦਿੰਦੀ ਹੈ, ਤਾਂ ਤੁਹਾਡੀ ਨੀਤੀ ਕਾਨੂੰਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇ ਜਾਂ ਉਸ ਤੋਂ ਵੱਧ ਹੋਵੇ।

## ਉਹ ਕਰਮਚਾਰੀ ਜੋ ਕਾਨੂੰਨ ਦੁਆਰਾ ਕਵਰ ਨਹੀਂ ਕੀਤੇ ਜਾਂਦੇ

ਤੁਹਾਨੂੰ ਹੇਠਾਂ ਦਿੱਤੇ ਕਰਮਚਾਰੀਆਂ ਨੂੰ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਪ੍ਰਦਾਨ ਕਰਨ ਦੀ ਜ਼ਰੂਰਤ ਨਹੀਂ ਹੈ:

- ਸੰਘੀ ਵਰਕ-ਸਟੱਡੀ ਪ੍ਰੋਗਰਾਮਾਂ ਵਿੱਚ ਵਿਦਿਆਰਥੀ
- ਕਰਮਚਾਰੀ ਜਿਨ੍ਹਾਂ ਦੇ ਕੰਮ ਦੀ ਭਰਪਾਈ ਯੋਗਤਾ ਸਕਾਲਰਸ਼ਿਪ ਪ੍ਰੋਗਰਾਮਾਂ ਦੁਆਰਾ ਕੀਤੀ ਜਾਂਦੀ ਹੈ
- ਸਰਕਾਰੀ ਏਜੰਸੀਆਂ ਦੇ ਕਰਮਚਾਰੀ
- ਸਰੀਰਕ ਥੈਰੇਪਿਸਟ, ਕਿੱਤਾਮੁਖੀ ਥੈਰੇਪਿਸਟ, ਸਪੀਚ ਲੈਂਗਵੇਜ ਪੈਥੋਲੋਜਿਸਟ, ਆਡੀਓਲੋਜਿਸਟ, ਜੋ ਨਿਊਯਾਰਕ ਦੇ ਸਟੇਟ ਡਿਪਾਰਟਮੈਂਟ ਆਫ਼ ਐਜੂਕੇਸ਼ਨ ਦੁਆਰਾ ਲਾਇਸੰਸਸ਼ੁਦਾ ਹਨ (ਜਿਨ੍ਹਾਂ ਨੂੰ ਮਰਜ਼ੀ ਅਨੁਸਾਰ ਕੰਮ ਦੀਆਂ ਜ਼ਿੰਮੇਵਾਰੀਆਂ ਲਈ ਬੁਲਾਇਆ ਜਾਂਦਾ ਹੈ, ਆਪਣੇ ਕੰਮ ਦੇ ਕਾਰਜ-ਸੂਚੀ ਨੂੰ ਨਿਰਧਾਰਤ ਕਰਦੇ ਹਨ, ਕਿਸੇ ਵੀ ਅਸਾਈਨਮੈਂਟ ਨੂੰ ਰੱਦ ਕਰਨ ਜਾਂ ਸਵੀਕਾਰ ਕਰਨ ਦੀ ਯੋਗਤਾ ਰੱਖਦੇ ਹਨ ਜੋ ਉਹਨਾਂ ਨੂੰ ਦਿੱਤਾ ਜਾਂਦਾ, ਅਤੇ ਔਸਤਨ ਪ੍ਰਤੀ ਘੰਟਾ ਤਨਖਾਹ ਦਿੱਤੀ ਜਾਂਦੀ ਹੈ, ਜੋ ਕਿ ਸੰਘੀ ਘੱਟੋ ਘੱਟ ਤਨਖਾਹ ਨਾਲੋਂ ਘੱਟ ਤੋਂ ਚਾਰ ਗੁਣਾ ਹੁੰਦੀ ਹੈ)
- ਸੁਤੰਤਰ ਠੇਕੇਦਾਰ ਜੋ ਨਿਊ ਯਾਰਕ ਰਾਜ ਲੇਬਰ ਲਾਅ ਦੇ ਅਧੀਨ ਕਿਸੇ ਕਰਮਚਾਰੀ ਦੀ ਪਰਿਭਾਸ਼ਾ ਨੂੰ ਪੂਰਾ ਨਹੀਂ ਕਰਦੇ
- ਕਾਰਜ ਤਜਰਬੇ ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਵਾਲੇ
- ਕੁਝ ਕਰਮਚਾਰੀ ਸਮੂਹਿਕ ਸੌਦੇਬਾਜ਼ੀ ਸਮਝੌਤਾ ਦੇ ਅਧੀਨ ਹੁੰਦੇ ਹਨ[3]

## ਕਰਮਚਾਰੀ ਅਧਿਕਾਰਾਂ ਸੰਬੰਧੀ ਸੂਚਨਾ

ਤੁਹਾਨੂੰ ਹਰੇਕ ਕਵਰ ਕਰਮਚਾਰੀ ਨੂੰ ਉਹਨਾਂ ਦੀ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਦੇ ਅਧਿਕਾਰ ਬਾਰੇ ਲਿਖਤੀ ਨੋਟਿਸ ਦੇਣਾ ਪਵੇਗਾ, ਜਿਸ ਵਿੱਚ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਦੀ ਜਮ੍ਹਾਂ ਅਤੇ ਵਰਤੋਂ, ਸ਼ਿਕਾਇਤ ਦਰਜ ਕਰਨ ਦਾ ਅਧਿਕਾਰ ਅਤੇ ਬਦਲਾ ਲੈਣ ਤੋਂ ਮੁਕਤ ਹੋਣ ਦਾ ਅਧਿਕਾਰ ਸ਼ਾਮਲ ਹੈ। ਨੋਟਿਸ ਵਿੱਚ ਤੁਹਾਡੇ ਕੈਲੰਡਰ ਸਾਲ ਦੀ ਸ਼ੁਰੂਆਤ ਅਤੇ ਅੰਤ ਦੀਆਂ ਤਰੀਕਾਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ। ਕਰਮਚਾਰੀਆਂ ਨੂੰ ਅੰਗਰੇਜ਼ੀ ਵਿੱਚ ਅਤੇ ਜੇਕਰ ਡੀਸੀਡਬਲਯੂਪੀ(DCWP) ਵੈਬਸਾਈਟ **nyc.gov/workers** ਤੇ ਉਨ੍ਹਾਂ ਦੀ ਮੁੱਢਲੀ ਭਾਸ਼ਾ ਕੋਈ ਅਨੁਵਾਦ ਉਪਲਬਧ ਹੈ ਤਾਂ ਵਿੱਚ ਉਹਨਾਂ ਨੂੰ ਉਸ ਭਾਸ਼ਾ ਵਿੱਚ ਨੋਟਿਸ ਪ੍ਰਾਪਤ ਕਰਨ ਦਾ ਅਧਿਕਾਰ ਹੈ। ਤੁਹਾਨੂੰ ਨੋਟਿਸ ਲਾਜ਼ਮੀ ਤੌਰ 'ਤੇ ਕੰਮ ਵਾਲੀ ਥਾਂ 'ਤੇ ਕਿਸੇ ਅਜਿਹੇ ਖੇਤਰ ਵਿੱਚ ਨੋਟਿਸ ਵੀ ਲਗਾਉਣਾ ਚਾਹੀਦਾ ਹੈ ਜੋ ਕਰਮਚਾਰੀਆਂ ਨੂੰ ਦਿਸਣਯੋਗ ਅਤੇ ਉਹਨਾਂ ਲਈ ਪਹੁੰਚਯੋਗ ਹੋਵੇ।

[1] ਪਿੱਛੇ ਦਿੱਤੀ ਤਾਰੀਖ ਨੂੰ ਨੋਟ ਕਰੋ। ਉਪਭੋਗਤਾ ਅਤੇ ਕਰਮਚਾਰੀ ਸੁਰੱਖਿਆ (Department of Consumer and Worker Protection, DCWP) ਦਾ NYC ਵਿਭਾਗ ਇਸ ਸ਼ੀਟ ਨੂੰ ਉਚਿਤ ਤੌਰ ਤੇ ਅੱਪਡੇਟ ਕਰੇਗਾ। ਅੱਪਡੇਟਾਂ ਲਈ nyc.gov/workers ਵੇਖੋ।

[2] ਸੁਰੱਖਿਅਤ ਛੁੱਟੀ ਦੀਆਂ ਵਿਵਸਥਾਵਾਂ 5 ਮਈ, 2018 ਤੋਂ ਪ੍ਰਭਾਵ ਵਿੱਚ ਆਈਆਂ। ਮਾਲਕਾਂ ਨੂੰ ਸੁਰੱਖਿਅਤ ਛੁੱਟੀ ਲਈ ਵਾਧੂ ਸਮਾਂ ਛੁੱਟੀ ਦੇਣ ਦੀ ਲੋੜ ਨਹੀਂ ਹੁੰਦੀ; ਇਸ ਦੀ ਬਜਾਏ, ਮਾਲਕਾਂ ਨੂੰ ਕਰਮਚਾਰੀਆਂ ਨੂੰ ਸੁਰੱਖਿਅਤ ਛੁੱਟੀ ਦੇ ਉਦੇਸ਼ਾਂ ਲਈ ਜਮ੍ਹਾ ਕੀਤੀ ਛੁੱਟੀ ਦੀ ਵਰਤੋਂ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ।

[3] ਜੇ ਸਮਝੌਤਾ ਸਪਸ਼ਟ ਤੌਰ ਤੇ ਕਾਨੂੰਨ ਦੇ ਪ੍ਰਬੰਧਾਂ ਨੂੰ ਅਸਵੀਕਾਰ ਕਰਦਾ ਹੈ ਅਤੇ ਤੁਲਨਾਤਮਕ ਲਾਭ ਪ੍ਰਦਾਨ ਕਰਦਾ ਹੈ ਤਾਂ ਕਰਮਚਾਰੀ ਸ਼ਾਮਲ ਨਹੀਂ ਹੁੰਦੇ। ਹਾਲਾਂਕਿ, ਸਮੂਹਿਕ ਸੌਦੇਬਾਜ਼ੀ ਸਮਝੌਤੇ ਦੇ ਤਹਿਤ ਉਸਾਰੀ ਜਾਂ ਕਰਿਆਨੇ ਦੇ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ, ਕਾਨੂੰਨ ਲਾਗੂ ਨਹੀਂ ਹੁੰਦਾ ਜੇ ਸਮਝੌਤਾ ਸਪਸ਼ਟ ਤੌਰ ਤੇ ਕਾਨੂੰਨ ਦੇ ਪ੍ਰਬੰਧਾਂ ਨੂੰ ਅਸਵੀਕਾਰ ਕਰਦਾ ਹੈ।

## ਸੁਰੱਖਿਅਤ ਅਤੇ ਬੀਮਾਰੀ ਦੀ ਛੁੱਟੀ ਜਮ੍ਹਾਂ ਕਰਨੀ ਅਤੇ ਵਰਤੋਂ

ਤੁਹਾਨੂੰ ਚਾਹੀਦਾ ਹੈ ਕਿ:

- ਕਵਰ ਕੀਤੇ ਕਰਮਚਾਰੀਆਂ ਨੂੰ ਕੰਮ ਸ਼ੁਰੂ ਕਰਦਿਆਂ ਹੀ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਇਕੱਠੀ ਕਰਨ ਦੀ ਆਗਿਆ ਦਿਓ। ਕੰਮ ਕਰਨ ਵਾਲੇ ਹਰ 30 ਘੰਟਿਆਂ ਲਈ ਇਕੱਠੀ ਹੋਣ ਦੀ ਘੱਟੋ ਘੱਟ ਦਰ 1 ਘੰਟਾ ਹੈ।
- ਕਰਮਚਾਰੀਆਂ ਨੂੰ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਨੂੰ ਇੱਕਠੀ ਹੋਣ ਤੇ ਤੁਰੰਤ ਇਸਤੇਮਾਲ ਕਰਨ ਦੀ ਇਜਾਜ਼ਤ ਦਿਓ:
- ਹਰੇਕ ਤਨਖਾਹ ਦੀ ਮਿਆਦ ਵਿੱਚ ਕਰਮਚਾਰੀਆਂ ਨੂੰ ਲਿਖਤ ਦਸਤਾਵੇਜ਼ ਦਿਓ ਜੋ ਇਹ ਦਰਸਾਉਂਦਾ ਹੈ ਕਿ ਓਹਨਾਂ ਨੇ ਕਿੰਨੀ ਬਿਮਾਰੀ ਸੰਬੰਧੀ ਛੁੱਟੀ ਦੀ ਵਰਤੋਂ ਕੀਤੀ ਹੈ, ਇਕੱਠੀ ਕੀਤੀ ਹੈ ਅਤੇ ਬਾਕੀ ਹੈ।

*ਅਪਵਾਦ:* ਜੇਕਰ ਕਰਮਚਾਰੀ ਨੂੰ ਸਮੂਹਿਕ ਸੌਦੇਬਾਜ਼ੀ ਸਮਝੌਤੇ ਦੁਆਰਾ ਕਵਰ ਕੀਤਾ ਗਿਆ ਹੈ ਜੋ 1 ਅਪ੍ਰੈਲ, 2014 ਤੋਂ ਲਾਗੂ ਹੈ, ਤਾਂ ਕਰਮਚਾਰੀ ਸਮਝੌਤਾ ਖਤਮ ਹੋਣ ਦੀ ਤਾਰੀਖ ਤੋਂ ਕਾਨੂੰਨ ਦੇ ਤਹਿਤ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਹਾਸਲ ਕਰਨਾ ਸ਼ੁਰੂ ਕਰ ਦਿੰਦਾ ਹੈ।

## ਰਿਕਾਰਡ ਰੱਖਣਾ

ਤੁਹਾਨੂੰ ਲਾਜ਼ਮੀ ਤੌਰ ‘ਤੇ ਘੱਟੋ ਘੱਟ ਤਿੰਨ ਸਾਲਾਂ ਲਈ ਕਾਨੂੰਨ ਦੇ ਅਨੁਸਾਰ ਰਿਕਾਰਡ ਨੂੰ ਰੱਖਣਾ ਅਤੇ ਸੰਭਾਲਣਾ ਚਾਹੀਦਾ ਹੈ। ਤੁਹਾਨੂੰ ਕਿਸੇ ਕਰਮਚਾਰੀ ਦੇ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਦੀ ਵਰਤੋਂ ਕਰਨ ਦੇ ਕਾਰਨਾਂ ਨਾਲ ਸਬੰਧਤ ਕੋਈ ਵੀ ਜਾਣਕਾਰੀ ਉਦੋਂ ਤੱਕ ਗੁਪਤ ਰੱਖਣੀ ਚਾਹੀਦੀ ਹੈ ਜਦ ਤਕ ਕਿ ਕਰਮਚਾਰੀ ਤੁਹਾਨੂੰ ਇਸਦਾ ਖੁਲਾਸਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਜਾਂ ਕਾਨੂੰਨ ਦੁਆਰਾ ਖੁਲਾਸੇ ਦੀ ਜ਼ਰੂਰਤ ਨਹੀਂ ਹੁੰਦੀ। ਤੁਹਾਨੂੰ ਲਾਜ਼ਮੀ ਤੌਰ 'ਤੇ ਉਪਭੋਗਤਾ ਅਤੇ ਕਰਮਚਾਰੀ ਸੁਰੱਖਿਆ (Department of Consumer and Worker Protection, DCWP) ਦੇ NYC ਵਿਭਾਗ ਦੇ ਨੋਟਿਸ 'ਤੇ ਸਹਿਮਤੀ ਸਮੇਂ ‘ਤੇ ਰਿਕਾਰਡ ਨੂੰ ਉਪਲਬਧ ਕਰਵਾਉਣਾ ਚਾਹੀਦਾ ਹੈ।

## ਆਗਾਮੀ ਸੂਚਨਾ

ਜੇਕਰ ਲੋੜ ਦੇਖੀ ਜਾਂਦੀ ਹੈ ਤਾਂ ਤੁਹਾਡੇ ਮਾਲਕ ਨੂੰ ਤੁਹਾਡੇ ਦੁਆਰਾ ਸੁਰੱਖਿਆ ਜਾਂ ਬਿਮਾਰੀ ਸੰਬੰਧੀ ਛੁੱਟੀ ਨੂੰ ਵਰਤਣ ਦੀ ਤੁਹਾਡੀ ਇੱਛਾ ਲਈ ਸੱਤ ਦਿਨ ਤੱਕ ਦਾ ਨੋਟਿਸ ਦੇਣ ਦੀ ਲੋੜ ਹੋ ਸਕਦੀ ਹੈ। ਜੇਕਰ ਲੋੜ ਨਹੀਂ ਲੱਗਦੀ ਤਾਂ ਤੁਹਾਡੇ ਮਾਲਕ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਤੁਹਾਡੇ ਦੁਆਰਾ ਨੋਟਿਸ ਦਿੱਤਾ ਜਾਣਾ ਚਾਹੀਦਾ ਹੈ।

## ਦਸਤਾਵੇਜ਼

ਤੁਹਾਡੇ ਮਾਲਕ ਨੂੰ ਦਸਤਾਵੇਜ਼ਾਂ ਦੀ ਲੋੜ ਪੈ ਸਕਦੀ ਹੈ ਜੇਕਰ ਤੁਸੀਂ ਲਗਾਤਾਰ ਤਿੰਨ ਤੋਂ ਵੱਧ ਦਿਨ ਕੰਮ ਤੋਂ ਸੁਰੱਖਿਆ ਜਾਂ ਬਿਮਾਰੀ ਸੰਬੰਧੀ ਛੁੱਟੀ ਲੈਂਦੇ ਹੋ। ਤੁਹਾਨੂੰ ਲੋੜ ਹੋ ਸਕਦੀ ਹੈ:

- ਇੱਕ ਲਾਇਸੰਸਸ਼ੁਦਾ ਸਿਹਤ ਦੇਖਭਾਲ ਪ੍ਰਦਾਤਾ ਦੁਆਰਾ ਬਿਮਾਰੀ ਦੀ ਛੁੱਟੀ ਲਈ ਦਸਤਖਤ ਕੀਤੇ ਇੱਕ ਨੋਟ; ਜਾਂ
- ਸਮਾਜਕ ਸੇਵਾ ਪ੍ਰਦਾਤਾ, ਕਾਨੂੰਨੀ ਸੇਵਾ ਪ੍ਰਦਾਤਾ, ਪਾਦਰੀਆਂ ਦਾ ਸਦੱਸ, ਜਾਂ ਕਰਮਚਾਰੀ ਦੁਆਰਾ ਸੁਰੱਖਿਅਤ ਛੁੱਟੀ ਦੀ ਜ਼ਰੂਰਤ ਦਰਸਾਉਂਦਾ ਨੋਟਰੀ ਵਾਲਾ ਪੱਤਰ ਦਾ ਦਸਤਾਵੇਜ਼।

ਹੋ ਸਕਦਾ ਹੈ ਕਿ ਤੁਹਾਨੂੰ ਇੱਕ ਕਰਮਚਾਰੀ ਦੀ ਸੁਰੱਖਿਅਤ ਜਾਂ ਬਿਮਾਰੀ ਸੰਬੰਧੀ ਛੁੱਟੀ ਲਈ ਦਸਤਾਵੇਜ਼ਾਂ ਦੀ ਲੋੜ ਦੀ ਲੋੜ ਨਾ ਪਵੇ। ਹੋਰ ਕਾਨੂੰਨਾਂ ਦੁਆਰਾ ਖੁਲਾਸੇ ਦੀ ਲੋੜ ਹੋ ਸਕਦੀ ਹੈ।

ਤੁਹਾਨੂੰ ਇਸਦੇ ਲਈ ਕਰਮਚਾਰੀਆਂ ਨੂੰ ਅਦਾਇਗੀ ਕਰਨੀ ਚਾਹੀਦੀ ਹੈ:

- ਸਿਹਤ ਦੇਖਭਾਲ ਪ੍ਰਦਾਤਾ ਦੁਆਰਾ ਬਿਮਾਰੀ ਦੀ ਛੁੱਟੀ ਦੇ ਜ਼ਰੂਰੀ ਦਸਤਾਵੇਜ਼ ਪ੍ਰਦਾਨ ਕਰਨ ਲਈ ਫੀਸਾਂ; ਅਤੇ
- ਲੋੜੀਂਦੀ ਸੁਰੱਖਿਅਤ ਛੁੱਟੀ ਦੇ ਦਸਤਾਵੇਜ਼ ਪ੍ਰਾਪਤ ਕਰਨ ਲਈ ਸਾਰੇ ਵਾਜਬ ਖਰਚ ਜਾਂ ਖਰਚੇ।

## ਸੁਰੱਖਿਆ ਅਤੇ ਬਿਮਾਰੀ ਸੰਬੰਧੀ ਵਰਤੋਂ ਨਾਲ ਕੀਤੀ ਗਈ ਛੁੱਟੀ

ਕਰਮਚਾਰੀ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਗੈਰ ਵਰਤੋਂ ਕੀਤੀ ਛੁੱਟੀ ਦੇ 40 ਘੰਟੇ (ਜਾਂ, ਜੇ ਲਾਗੂ ਹੁੰਦਾ ਹੈ, 1 ਜਨਵਰੀ 2021 ਤੋਂ ਲਾਗੂ 56 ਘੰਟੇ) ਨੂੰ ਅਗਲੇ ਕੈਲੰਡਰ ਸਾਲ ਵਿੱਚ ਜਾਰੀ ਰੱਖ ਸਕਦਾ ਹੈ। ਹਾਲਾਂਕਿ, ਤੁਹਾਨੂੰ ਕਿਸੇ ਕਰਮਚਾਰੀ ਨੂੰ ਪ੍ਰਤਿ ਕੈਲੰਡਰ ਸਾਲ 40 (56) ਘੰਟੇ ਲਈ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਦਾ ਵਰਤਣ ਦੀ ਛੋਟ ਦੇਣ ਦੀ ਲੋੜ ਹੈ।

ਤੁਸੀਂ ਸਾਲ ਦੇ ਅੰਤ ਵਿੱਚ ਕਿਸੇ ਕਰਮਚਾਰੀ ਨੂੰ ਬਿਨਾਂ ਵਰਤੋਂ ਵਾਲੀਆਂ ਸੁਰੱਖਿਅਤ ਅਤੇ ਬਿਮਾਦੀ ਦੀ ਛੁੱਟੀ ਲਈ ਭੁਗਤਾਨ ਕਰਨ ਦੀ ਚੋਣ ਕਰ ਸਕਦੇ ਹੋ— ਪਰ ਇਹ ਜ਼ਰੂਰੀ ਨਹੀਂ ਹੈ। ਕਰਮਚਾਰੀ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਅੱਗੇ ਨਹੀਂ ਲੈ ਸਕਦੇ ਜੇ ਤੁਸੀਂ ਉਨ੍ਹਾਂ ਨੂੰ ਬਿਨਾਂ ਵਰਤਿਆਂ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਲਈ ਭੁਗਤਾਨ ਕਰਦੇ ਹੋ ਅਤੇ ਤੁਸੀਂ ਕਰਮਚਾਰੀ ਨੂੰ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਦਾ ਭੁਗਤਾਨ ਦਿੱਤਾ ਹੈ ਜੋ ਨਵੇਂ ਸਾਲ ਦੇ ਪਹਿਲੇ ਦਿਨ ਸਾਲ ਲਈ ਕਾਨੂੰਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ ਜਾਂ ਉਸ ਤੋਂ ਵੱਧ ਹੈ।

## ਪ੍ਰਤਿਸ਼ੋਧ

ਤੁਸੀਂ ਸੁੱਰਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਲਈ ਬੇਨਤੀ ਕਰਨ ਜਾਂ ਇਸਤੇਮਾਲ ਕਰਨ ਲਈ ਕਰਮਚਾਰੀਆਂ ਖਿਲਾਫ ਜਵਾਬੀ ਕਾਰਵਾਈ ਨਹੀਂ ਕਰ ਸਕਦੇ। ਬਦਲਾ ਲੈਣ ਵਿਚ ਕੋਈ ਧਮਕੀ, ਅਨੁਸ਼ਾਸ਼ਨ ਕਾਰਵਾਈ, ਡਿਸਚਾਰਜ, ਅਹੁਦਾ ਘਟਾਉਣਾ, ਮੁਅੱਤਲੀ, ਜਾਂ ਕਰਮਚਾਰੀ ਦੇ ਘੰਟਿਆਂ ਵਿਚ ਕਟੌਤੀ, ਜਾਂ ਕਿਸੇ ਕਰਮਚਾਰੀ ਵਿਰੁੱਧ ਕੋਈ ਹੋਰ ਢੁੱਕਵੀਂ ਰੁਜ਼ਗਾਰ ਕਾਰਵਾਈ ਸ਼ਾਮਲ ਹੁੰਦੀ ਹੈ ਜੋ ਇੱਕ ਕਰਮਚਾਰੀ ਨੂੰ ਕਨੂੰਨ ਦੇ ਅਧੀਨ ਗਰੰਟੀਸ਼ੁਦਾ ਅਧਿਕਾਰ ਦੀ ਵਰਤੋਂ ਕਰਨ ਤੋਂ ਰੋਕਦੀ ਹੈ, ਜਿਸ ਵਿੱਚ ਕਥਿਤ ਇਮੀਗ੍ਰੇਸ਼ਨ ਸਥਿਤੀ ਜਾਂ ਕੰਮ ਦੇ ਅਧਿਕਾਰ ਨਾਲ ਸੰਬੰਧਿਤ ਕਾਰਵਾਈਆਂ ਸ਼ਾਮਲ ਹਨ।

## ਸ਼ਿਕਾਇਤਾਂ

ਜੇ ਕੋਈ ਕਰਮਚਾਰੀ ਡੀਸੀਡਬਲਯੂਪੀ (DCWP) ਕੋਲ ਸ਼ਿਕਾਇਤ ਦਰਜ ਕਰਵਾਉਂਦਾ ਹੈ, ਤਾਂ ਡੀਸੀਡਬਲਯੂਪੀ (DCWP) ਤੁਹਾਡੇ ਨਾਲ ਲਿਖਤੀ ਜਵਾਬ ਲਈ ਸੰਪਰਕ ਕਰੇਗਾ। ਤੁਹਾਨੂੰ ਲਾਜ਼ਮੀ ਤੌਰ 'ਤੇ ਡੀਸੀਡਬਲਯੂਪੀ (DCWP) ਨੂੰ 14 ਦਿਨਾਂ ਦੇ ਅੰਦਰ ਜਾਂ ਕਈ ਵਾਰ ਦੋਸ਼ਾਂ ਦੇ ਅਧਾਰ 'ਤੇ ਜਲਦੀ ਜਵਾਬ ਦੇਣਾ ਚਾਹੀਦਾ ਹੈ। ਸ਼ਿਕਾਇਤ ਸੁਲਝਾਉਣ ਲਈ ਡੀਸੀਡਬਲਯੂਪੀ (DCWP) ਤੁਹਾਡੇ ਨਾਲ ਕੰਮ ਕਰੇਗਾ।

## ਜਾਂਚ ਦਾ ਨੋਟਿਸ

ਜੇ ਤੁਹਾਨੂੰ ਜਾਂਚ ਦਾ ਨੋਟਿਸ ਮਿਲਦਾ ਹੈ, ਤਾਂ ਸਾਰੀ ਜਾਣਕਾਰੀ ਅਤੇ ਮੰਗੇ ਗਏ ਦਸਤਾਵੇਜ਼ ਪ੍ਰਦਾਨ ਕਰੋ। ਪਾਲਣਾ ਨਾ ਕਰਨ ‘ਤੇ ਕਾਨੂੰਨ ਦੀ ਉਲੰਘਣਾ ਹੋ ਸਕਦੀ ਹੈ ਅਤੇ ਨਤੀਜੇ ਵਜੋਂ ਜੁਰਮਾਨੇ ਤੋਂ ਇਲਾਵਾ ਸਿਵਲ ਜੁਰਮਾਨੇ ਅਤੇ ਹੋਰ ਸੰਭਾਵਿਤ ਉਲੰਘਣਾਵਾਂ ਲਈ ਰਾਹਤ ਵੀ ਮੰਨਿਆ ਜਾ ਸਕਦਾ ਹੈ। ਰਿਕਾਰਡ ਪੇਸ਼ ਕਰਨ ਵਿੱਚ ਅਸਫਲ ਰਹਿਣ ਨਾਲ ਸ਼ਹਿਰ ਦੇ ਪ੍ਰਬੰਧਕੀ ਟ੍ਰਿਬਿਊਨਲ ਵਿੱਚ ਕਾਰਵਾਈ ਹੋਣ ਦੀ ਸੂਰਤ ਵਿੱਚ ਤੁਹਾਡੇ ਕੇਸ ‘ਤੇ ਨਕਾਰਾਤਮਕ ਅਸਰ ਪੈ ਸਕਦਾ ਹੈ। ਤੁਹਾਨੂੰ ਬਿਨਾਂ ਕਿਸੇ ਮੁਕੱਦਮੇ ਦੇ ਕਿਸੇ ਵੀ ਉਲੰਘਣਾ ਨੂੰ ਸੁਲਝਾਉਣ ਦਾ ਮੌਕਾ ਮਿਲੇਗਾ ਜਾਂ ਤੁਸੀਂ ਸ਼ਹਿਰ ਦੇ ਪ੍ਰਬੰਧਕੀ ਟ੍ਰਿਬਿਊਨਲ ਵਿਖੇ ਕਿਸੇ ਨਿਰਪੱਖ ਜੱਜ ਦੇ ਸਾਹਮਣੇ ਪੇਸ਼ ਹੋ ਸਕਦੇ ਹੋ।

*11/20/2020* ਨੂੰ ਅੱਪਡੇਟ ਕੀਤਾ

NYC
Consumer and Worker Protection

**ਪ੍ਰਸ਼ਨ?** ਵਧੇਰੇ ਜਾਣਕਾਰੀ ਲਈ ਜਾਂ ਡੀਸੀਡਬਲਯੂਪੀ (DCWP) ਨਾਲ ਸੰਪਰਕ ਕਰਨ ਲਈ:

- ਕਾਨੂੰਨ ਅਤੇ ਅਕਸਰ ਪੁੱਛੇ ਜਾਂਦੇ ਪ੍ਰਸ਼ਨਾਂ ਲਈ **nyc.gov/workers** ‘ਤੇ ਜਾਓ
- **nyc.gov/BusinessToolbox** ‘ਤੇ ਲਾਈਵ ਚੈਟ ਦੀ ਵਰਤੋਂ ਕਰੋ
- ਈਮੇਲ **PSSL@dcwp.nyc.gov**
- **311** (212-NEW-YORK outside NYC) ‘ਤੇ ਕਾਲ ਕਰੋ ਅਤੇ “ਭੁਗਤਾਨ ਯੋਗ ਸੁਰੱਖਿਆ ਅਤੇ ਬੀਮਾਰੀ ਦੀ ਛੁੱਟੀ” ਲਈ ਕਹੋ